# Cell for Probity and Transparency in Governance

## July 2009

## Centre for Probity and Transparency in Governance

*The Cell will take up analytical studies and research activities to find out opaque areas that breed corruption, arbitrariness, non-accountability and non-performance*

The main objective of the Cell is to promote transparency and accountability in working of public authorities which are vital for introducing probity in democratic governance as well as removing corruption and manipulation and make government functionaries accountable to the governed. To promote ethics, probity and transparency in governance, people's representatives and members of civil society have to think and pool their views. The Cell will take up analytical studies and research activities to find out opaque areas that breed corruption, arbitrariness, non-accountability and non-performance. **The readers may send suggestions and experiences that might help in achieving these objectives.**

To organize training and other capacity building activities for transparency through the RTI Act and probity through changes in policies and procedures, it is proposed to create a pool of resource persons who could be employed to train persons at District and Block level. A training programme for Key Resource Persons (KRPs) was organized at the Institute to provide basic understandings regarding the RTI Act, 2005. Motivation to steer research and awareness for promoting transparency and accountability in governance can be generated if public-spirited and conscious government employees come forward and contribute actively for this cause.

*Contact: Sh. S. S. Gill; ssgill@mgsipap.org; Ph: 0172-2791228 Extn-175*

# February 2010

# ਸੂਚਨਾ ਅਧਿਕਾਰ ਐਕਟ 2005 ਦੇ ਲਾਗੂਕਰਨ ਸਬੰਧੀ ਕਾਨਫਰੰਸ

ਰਾਜ ਵਿਚ ਸੂਚਨਾ ਅਧਿਕਾਰ ਐਕਟ, 2005, ਦੇ ਲਾਗੂਕਰਨ ਦੀ ਪ੍ਰਗਤੀ ਤੇ ਪੁਨਰਵਿਚਾਰ ਕਰਨ ਵਾਸਤੇ ਮਿਤੀ 27-10-09 ਨੂੰ ਇਕ ਕਾਨਫਰੰਸ ਆਯੋਜਿਤ ਕੀਤੀ ਗਈ ਜਿਸ ਵਿਚ ਪੰਜਾਬ ਸੂਚਨਾ ਕਮੀਸ਼ਨ ਦੇ ਮੁੱਖ ਸੂਚਨਾ ਕਮਿਸ਼ਨਰ ਸ਼੍ਰੀ ਆਰ. ਆਈ. ਸਿੰਘ ਸਮੇਤ ਸ਼੍ਰੀਮਤੀ ਰੂਪਨ ਦਿਉਲ ਬਜਾਜ, ਸ਼੍ਰੀ ਪੀ. ਪੀ. ਐਸ. ਗਿੱਲ, ਲੈਫ. ਜਨਰਲ ਪੀ. ਕੇ. ਗਰੋਵਰ, ਸ਼੍ਰੀ ਦਰਬਾਰਾ ਸਿੰਘ ਕਾਹਲੋਂ ਅਤੇ ਇੰਜ. ਸੁਰਿੰਦਰ ਸਿੰਘ, ਸੂਚਨਾ ਕਮਿਸ਼ਨਰ ਅਤੇ ਪੰਜਾਬ ਦੇ ਸਾਰੇ ਵਿਭਾਗੀ ਮੁਖੀ/ਉਨ੍ਹਾਂ ਦੇ ਨੁਮਾਇੰਦੇ ਸ਼ਾਮਲ ਹੋਏ। ਇਸ ਕਾਨਫਰੰਸ ਦਾ ਮੁੱਖ ਮੁੱਦਾ ਅਜਿਹੀਆਂ ਮੁਸ਼ਕਲਾਂ ਜਿਹੜੀਆਂ ਇਸ ਐਕਟ ਨੂੰ ਅਸਰਦਾਰ ਢੰਗ ਨਾਲ ਲਾਗੂ ਹੋਣ ਵਿਚ ਅੜਚਣ ਬਣ ਰਹੀਆਂ ਹਨ, ਦਾ ਵਿਸ਼ਲੇਸ਼ਣ ਕਰਨਾ ਸੀ। ਸ਼੍ਰੀ ਬੀ. ਕੇ. ਸ਼੍ਰੀਵਾਸਤਵਾ, ਡਾਇਰੈਕਟਰ ਜਨਰਲ, ਨੇ ਆਪਣੇ ਸਵਾਗਤੀ ਸ਼ਬਦਾਂ ਵਿਚ ਇਸ ਗੱਲ ਤੇ ਜ਼ੋਰ ਦਿੱਤਾ ਕਿ ਇਸ ਐੱਕਟ ਦਾ ਮੁੱਖ ਮੰਤਵ ਸਰਕਾਰ ਦੇ ਪ੍ਰਸ਼ਾਸ਼ਨ ਵਿਚ ਦਿਆਨਤਦਾਰੀ ਅਤੇ ਪਾਰਦਰਸ਼ਤਾ ਲਿਆਉਣਾ ਹੈ। ਇਸ ਮੰਤਵ ਵਾਸਤੇ ਵਿਭਾਗੀ ਮੁਖੀਆਂ ਦੀ ਇਹ ਜ਼ੁੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਅਧਿਕਾਰ ਖੇਤਰ ਵਿਚ ਪ੍ਰਸਾਸ਼ਨ ਦੇ ਅਜਿਹੇ ਖੇਤਰ ਜੋ ਅਪਾਰਦਰਸ਼ੀ ਅਤੇ ਮਨਮਾਨੀ ਵਾਲੇ ਹੋਣ, ਦੀ ਪਛਾਣ ਕਰਨ। ਸ਼੍ਰੀ ਰਮੇਸ਼ ਇੰਦਰ ਸਿੰਘ, ਮੁੱਖ ਸੂਚਨਾ ਕਮਿਸ਼ਨਰ ਨੇ ਕਾਨਫਰੰਸ ਦਾ ਉਦਘਾਟਨ ਕਰਦੇ ਸਮੇਂ ਇਸ ਗੱਲ ਤੇ ਜ਼ੋਰ ਦਿੱਤਾ ਕਿ ਇਸ ਐਕਟ ਨੂੰ ਲਾਗੂ ਕਰਨ ਵਾਲੇ ਸਾਰੇ ਅਧਿਕਾਰੀਆਂ ਨੂੰ ਅਮਲੀ ਪਹੁੰਚ ਅਤੇ ਉਸਾਰੂ ਰਵੱਈਆ ਅਪਨਾਉਣਾ ਚਾਹੀਦਾ ਹੈ। ਵਿਭਾਗੀ ਮੁਖੀਆਂ ਨੂੰ ਇਸ ਐਕਟ ਨੂੰ ਲਾਗੂ ਕਰਨ ਪ੍ਰਤੀ ਆਪਣੇ ਵਿਭਾਗ ਦੇ ਕਰਮਚਾਰੀਆਂ ਦੀ ਸਮਰਥਾ ਵਧਾਉਣ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਨਾਗਰਿਕਾਂ ਦੇ ਸੰਵਿਧਾਨਕ ਹੱਕਾਂ ਵੱਲ ਧਿਆਨ ਦੁਆਉਂਦੇ ਹੋਏ ਕਿਹਾ ਕਿ ਸੰਵਿਧਾਨ ਦੇ ਅਨੁਛੇਦ 19 ਵਿਚ ਵਿਚਾਰਾਂ ਦੇ ਪ੍ਰਗਟਾਵੇ ਦੀ ਖੁਲ ਅਤੇ ਜਾਣਕਾਰੀ ਪ੍ਰਾਪਤ ਕਰਨ ਦਾ ਹੱਕ ਹੈ। ਸ਼੍ਰੀ. ਦਰਬਾਰਾ ਸਿੰਘ ਕਾਹਲੋਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਇਸ ਐਕਟ ਦੀ ਜਾਣਕਾਰੀ ਸਰਲ ਭਾਸ਼ਾ ਵਿਚ ਸਮਾਜ ਦੇ ਗਰੀਬ ਵਰਗਾਂ ਤੱਕ ਪਹੁੰਚਾਉਣ ਦੀ ਬੜੀ ਲੋੜ ਹੈ। ਦੂਸਰੇ ਸੂਚਨਾ ਕਮਿਸ਼ਨਰ ਨੇ ਵੀ ਆਪਣੇ ਤਜਰਬੇ ਤੋਂ ਇਸ ਐਕਟ ਪ੍ਰਤੀ ਵਿਚਾਰ ਪ੍ਰਗਟਾਏ। ਵਿਭਾਗ ਦੇ ਮੁਖੀਆਂ ਨੇ ਇਸ ਐਕਟ ਪ੍ਰਤੀ ਆਪਣੇ ਤਜਰਬੇ ਅਤੇ ਪੇਸ਼ ਆਉਂਦੀਆਂ ਮੁਸ਼ਕਲਾਂ ਦਾ ਖੁਲਾਸਾ ਕੀਤਾ। ਸਟਾਫ ਅਤੇ ਮੁਢਲੇ ਢਾਂਚੇ ਦੀ ਘਾਟ, ਰਿਕਾਰਡ ਦੀ ਤਰਤੀਬਵਾਰ ਸੰਭਾਲ ਦੀ ਅਣਹੋਂਦ, ਕੁਝ ਸ਼ਰਾਰਤੀ ਅਨਸਰਾਂ ਵੱਲੋਂ ਵਿਭਾਗੀ ਕਰਮਚਾਰੀਆਂ ਨੂੰ ਪਰੇਸ਼ਾਨ ਕਰਨ ਵਾਸਤੇ ਬੇਲੋੜੀ ਅਤੇ ਵਿਸ਼ਾਲ ਸੂਚਨਾਵਾਂ ਦਾ ਮੰਗਣਾ ਆਦਿ ਮੁੱਦੇ ਉਭਰ ਕੇ ਸਾਮਣੇ ਆਏ।



ਸ਼੍ਰੀ ਆਰ. ਆਈ. ਸਿੰਘ, ਮੁੱਖ ਸੂਚਨਾ ਕਮਿਸ਼ਨਰ ਨੇ ਕਾਨਫਰੰਸ ਦਾ ਉਦਘਾਟਨ ਕਰਦੇ ਸਮੇਂ

ਲੋਕਤੰਤਰੀ ਰਾਜ ਪ੍ਰਬੰਧ ਲਈ ਸੂਚਨਾ ਦੀ ਆਜ਼ਾਦੀ ਇਕ ਮੁੱਖ ਪਛਾਣ ਹੈ। ਜਾਣਕਾਰੀ ਲੈਣ ਦੀ ਸੁਤੰਤਰਤਾ ਤੋਂ ਬਿਨਾਂ ਨਾਗਰਿਕਾਂ ਨੂੰ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ, ਜੋ ਸੰਵਿਧਾਨ ਦੇ ਅਨੁਛੇਦ 19 ਵਿਚ ਦਿੱਤੀ ਗਈ ਹੈ ਅਧੂਰੀ ਰਹਿ ਜਾਵੇਗੀ । ਅਜਿਹੀ ਸਾਰੀ ਸੂਚਨਾ ਜੋ ਜਨਤਕ ਅਧਿਕਾਰ ਖੇਤਰ ਵਿਚ ਆ ਜਾਂਦੀ ਹੈ, ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ।

ਵਿਸਤ੍ਰਤ ਵਿਚਾਰ ਵਟਾਂਦਰੇ ਤੋਂ ਬਾਅਦ ਇਹ ਗੱਲ ਪ੍ਰਤੱਖ ਰੂਪ ਵਿਚ ਸਾਹਮਣੇ ਆਈ ਕਿ ਇਹ ਕੋਈ ਗੁੰਝਲਦਾਰ ਐਕਟ ਨਹੀਂ ਹੈ। ਸਿਰਫ ਮੰਗੀ ਗਈ ਸੂਚਨਾ ਸਹੀ ਢੰਗ ਨਾਲ ਦੇਣਾ ਹੀ ਲੋੜੀਂਦੀ ਕਾਰਵਾਈ ਹੈ ਜਿਸਦੀ ਜੰਮੇਵਾਰੀ ਵਿਭਾਗੀ ਮੁਖੀਆਂ ਦੀ ਬਣਦੀ ਹੈ। ਕਿਉਂਕਿ ਇਕ ਵਿਭਾਗ ਵਿਚ ਕਈ ਪਬਲਿਕ ਅਥਾਰਟੀਆਂ ਹੋ ਸਕਦੀਆਂ ਹਨ ਅਤੇ ਹਰ ਪਬਲਿਕ ਅਥਾਰਟੀ ਵਿਭਾਗੀ ਮੁਖੀ ਨਹੀਂ ਹੈ, ਇਸ ਵਾਸਤੇ ਵਿਭਾਗੀ ਮੁਖੀ ਆਪਣੇ ਵਿਭਾਗ ਵਿਚ ਵੱਖ ਵੱਖ ਪਬਲਿਕ ਸੂਚਨਾ ਅਫਸਰਾਂ ਵੱਲੋਂ ਸਹੀ ਤਰੀਕੇ ਨਾਲ ਸੂਚਨਾ ਦੇਣਾ ਯਕੀਨੀ ਬਣਾਉਣ ਵਿਚ ਅਸਰਦਾਰ ਹੋ ਸਕਦੇ ਹਨ। ਇਸ ਐਕਟ ਵਿਚ ਇਹ ਘਾਟ ਹੈ ਕਿ ਵਿਭਾਗੀ ਮੁਖੀ ਨੂੰ ਸੂਚਨਾ ਦੇਣ ਪ੍ਰਤੀ ਜ਼ੁੰਮੇਵਾਰ ਨਹੀਂ ਠਹਿਰਾਇਆ ਗਿਆ ਹੈ।

ਹੇਠ ਲਿਖੇ ਨੁਕਤਿਆਂ ਤੇ ਸਰਕਾਰੀ ਪੱਧਰ ਤੇ ਕਾਰਵਾਈ ਕਰਨ ਵਾਸਤੇ ਪੰਜਾਬ ਸੂਚਨਾ ਕਮਿਸ਼ਨ ਨੂੰ ਸਿਫਾਰਸ਼ ਕੀਤੀ ਗਈ ਤਾਂ ਕਿ ਐਕਟ ਅਸਰਦਾਰ ਢੰਗ ਨਾਲ ਲਾਗੂ ਹੋ ਸਕੇ:

1. ਇਸ ਐਕਟ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਵਾਸਤੇ ਵਿਭਾਗੀ ਮੁਖੀਆਂ ਦੀ ਜਿੰਮੇਵਾਰੀ ਨਿਸ਼ਚਿਤ ਕਰਨ ਦੀ ਲੋੜ ਹੈ।
2. ਪਬਲਿਕ ਸੂਚਨਾ ਅਫਸਰ ਮਹਿਕਮੇ ਦੇ ਸੀਨੀਅਰ ਅਤੇ ਜ਼ੁੰਮੇਵਾਰ ਕਰਮਚਾਰੀ ਹੋਣੇ ਚਾਹੀਦੇ ਹਨ ਜਿਨ੍ਹਾਂ ਨੂੰ ਮਹਿਕਮੇ ਦੀਆਂ ਗਤੀਵਿਧੀਆਂ ਬਾਰੇ ਪੂਰੀ ਜਾਣਕਾਰੀ ਹੋਵੇ।
3. ਵਿਭਾਗੀ ਕੰਮ ਕਾਜ ਨਾਲ ਸੰਬੰਧਤ ਰਿਕਾਰਡ ਸਹੀ ਤਰੀਕੇ ਨਾਲ ਨਹੀਂ ਸੰਭਾਲਿਆ ਜਾ ਰਿਹਾ ਜਿਸ ਕਰਕੇ ਸੂਚਨਾ ਇਕੱਤਰ ਕਰਨ ਵਿਚ ਔਕੜ ਆਉਂਦੀ ਹੈ ਅਤੇ ਸੂਚਨਾ ਦੇਣੀ ਲਮਕਦੀ ਰਹਿੰਦੀ ਹੈ।
4. ਇਸ ਐਕਟ ਤਹਿਤ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਦਾ ਸਮੇਂ ਸਿਰ ਜਾਇਜਾ ਨਹੀਂ ਲਿਆ ਜਾਂਦਾ ਜਿਸ ਕਰਕੇ ਸਹੀ ਮਾਇਨਿਆਂ ਵਿਚ ਐਕਟ ਦੇ ਲਾਗੂ ਹੋਣ ਬਾਰੇ ਪਤਾ ਨਹੀਂ ਲਗਦਾ। ਇਸ ਵਾਸਤੇ ਹਰ ਤਿਮਾਹੀ ਐਕਟ ਦੀਆਂ ਗਤੀਵਿਧੀਆਂ ਦੀ ਜਾਂਚ ਲੈਣੀ ਅਤੇ ਉਸਦੀ ਰਿਪੋਰਟ ਸਰਕਾਰ ਨੂੰ ਭੇਜਣੀ ਯਕੀਨੀ ਬਣਾਉਣ ਦੀ ਲੋੜ ਹੈ ।
5. ਐਕਟ ਨੂੰ ਲਾਗੂ ਕਰਨ ਪ੍ਰਤੀ ਜੇ ਕੋਈ ਅਜਿਹੇ ਮੁੱਦੇ ਵਿਭਾਗਾਂ ਦੇ ਧਿਆਨ ਵਿਚ ਆਉਣ ਜਿਨ੍ਹਾਂ ਦੀ ਸੋਧ ਆਦਿ ਦੀ ਲੋੜ ਹੋਵੇ ਤਾਂ ਉਹ ਮਹਾਤਮਾ ਗਾਂਧੀ ਰਾਜ ਲੋਕ ਪ੍ਰਸਾਸ਼ਨ ਸੰਸਥਾ ਨੂੰ ਭੇਜਣ ਤਾਂ ਕਿ ਇਨ੍ਹਾਂ ਦਾ ਅਧਿਐਨ ਕੀਤਾ ਜਾ ਸਕੇ ।

ਵਿਭਾਗਾਂ ਵੱਲੋਂ ਸੂਚਨਾ ਅਧਿਕਾਰ ਐਕਟ, 2005, ਲਾਗੂ ਕਰਨ ਪ੍ਰਤੀ ਤਿਮਾਹੀ ਪ੍ਰਗਤੀ ਜਾਚਣ ਵਾਸਤੇ ਹੇਠ ਲਿਖੇ ਅਜੰਡੇ ਦੀ ਸਿਫਾਰਸ਼ ਵੀ ਕੀਤੀ ਗਈ ।

## ਪਬਲਿਕ ਸੂਚਨਾ ਅਫਸਰ ਨਾਮਜ਼ਦ ਕਰਨ ਬਾਰੇ:



ਸੈਮੀਨਾਰ ਵਿੱਚ ਹਿੱਸਾ ਲੈਂਦੇ ਹੋਏ ਵਿਭਾਗੀ ਮੁਖੀ/ਉਨ੍ਹਾਂ ਦੇ ਨੁਮਾਇੰਦੇ

- ਕੀ ਵਿਭਾਗ ਦੇ ਸਾਰੇ ਦਫਤਰਾਂ ਵਿਚ ਪਬਲਿਕ ਸੂਚਨਾ ਅਫਸਰ/ਸਹਾਇਕ ਪਬਲਿਕ ਸੂਚਨਾ ਅਫਸਰ ਅਤੇ ਅਪੀਲ ਅਧਿਕਾਰੀ ਤਾਇਨਾਤ ਹਨ ?
- ਕੀ ਇਹ ਵਿਭਾਗ ਦੀਆਂ ਗਤੀਵਿਧੀਆਂ ਬਾਰੇ ਪੂਰੀ ਜਾਣਕਾਰੀ ਰੱਖਣ ਵਾਲੇ ਸੀਨੀਅਰ ਅਤੇ ਜ਼ੁੰਮੇਵਾਰ ਕਰਮਚਾਰੀ ਹਨ?
- ਕੀ ਇਨ੍ਹਾਂ ਕਰਮਚਾਰੀਆਂ ਦੀ ਡਾਇਰੈਕਟਰੀ ਬਣਾਈ ਹੋਈ ਹੈ ਅਤੇ ਹੁਣ ਤੱਕ ਸਹੀ ਹੈ ?

## ਸੂਚਨਾ ਦੇਣ ਬਾਰੇ:

- ਵਿਭਾਗ ਵਿਚ ਪਬਲਿਕ ਅਥਾਰਟੀ ਬਾਰੇ ਸੂਚਨਾ ਅਧਿਕਾਰ ਐਕਟ ਸੈਕਸ਼ਨ 4 (1) (ਬੀ) ਅਨੁਸਾਰ ਸੂਚਨਾਵਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ ਅਤੇ ਕੀ ਇਨ੍ਹਾਂ ਸੂਚਨਾਵਾਂ ਨੂੰ ਸਮੇਂ ਸਮੇਂ ਸਿਰ ਅਪਡੇਟ ਕੀਤਾ ਜਾਂਦਾ ਹੈ?
- ਕੀ ਵਿਭਾਗ ਵੱਲੋਂ ਵੈਬਸਾਈਟ ਬਣਾਈ ਗਈ ਹੈ ਅਤੇ ਉਸ ਵਿਚ ਵਿਭਾਗ ਪ੍ਰਤੀ ਸਾਰੀ ਸੂਚਨਾ ਉਪਲਬਧ ਹੈ ?
- ਕੀ ਦਫਤਰੀ ਰਿਕਾਰਡ ਠੀਕ ਤਰੀਕੇ ਨਾਲ ਸੰਭਾਲਿਆ ਜਾ ਰਿਹਾ ਹੈ ਤਾਂ ਕਿ ਸੂਚਨਾ ਇਕੱਤਰ ਕਰਨ ਵਿਚ ਕੋਈ ਦੇਰੀ ਨਾ ਹੋਵੇ ?
- ਕੀ ਰਿਕਾਰਡ ਦਾ ਕੰਪਿਊਟਰੀਕਰਣ ਕੀਤਾ ਗਿਆ ਹੈ ?
- ਤਿਮਾਹੀ ਵਿਚ ਮਿਤੀਵਾਰ ਕਿੰਨੀਆਂ ਅਰਜ਼ੀਆਂ ਪ੍ਰਾਪਤ ਹੋਈਆਂ - ਅਤੇ ਉਨ੍ਹਾਂ ਦਾ ਨਿਪਟਾਰਾ ?
- ਅਰਜ਼ੀਆਂ ਜੋ ਲੰਬਿਤ ਹਨ, ਉਨ੍ਹਾਂ ਦਾ ਕਾਰਣ ?
- ਅਰਜ਼ੀਆਂ ਜੋ ਖਾਰਜ ਕੀਤੀਆਂ ਗਈਆਂ, ਉਨ੍ਹਾਂ ਦਾ ਕਾਰਣ ?
- ਅਰਜ਼ੀਆਂ ਜਿਨ੍ਹਾਂ ਪ੍ਰਤੀ ਸੂਚਨਾ ਦੇਣ ਵਿਚ ਦੇਰੀ ਕੀਤੀ ਗਈ ਅਤੇ ਉਸਦੀ ਜਿੰਮੇਵਾਰੀ?
- ਕਿੰਨੀਆਂ ਅਰਜ਼ੀਆਂ ਜਾਤੀ ਹਿੱਤ ਪ੍ਰਤੀ ਅਤੇ ਕਿੰਨੀਆਂ ਪਬਲਿਕ ਹਿੱਤ ਪ੍ਰਤੀ ਹਨ ?

ਇਸ ਐਕਟ ਦਾ ਮੁੱਖ ਮੰਤਵ ਸਰਕਾਰ ਦੇ ਕੰਮ ਕਾਜ ਵਿਚ ਦਿਆਨਤਦਾਰੀ ਅਤੇ ਪਾਰਦਰਸ਼ਤਾ ਲਿਆਉਣਾ ਹੈ। ਹਰ ਵਿਭਾਗੀ ਮੁੱਖੀ ਦੀ ਇਹ ਜਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਅਧਿਕਾਰ ਖੇਤਰ ਵਿਚ ਪ੍ਰਸਾਸ਼ਨ ਦੇ ਅਪਾਰਦਰਸ਼ੀ ਅਤੇ ਮਨਮਰਜ਼ੀ ਵਾਲੇ ਖੇਤਰਾਂ ਦੀ ਪਛਾਣ ਕਰੇ ।

## ਅਪੀਲਾਂ ਪ੍ਰਤੀ:

- ਮਹਿਕਮੇ ਦੇ ਅਪੀਲ ਅਧਿਕਾਰੀ ਪਾਸ ਕਿੰਨੀਆਂ ਅਪੀਲਾਂ ਮਿਤੀਵਾਰ ਪ੍ਰਾਪਤ ਹੋਈਆਂ, ਉਨ੍ਹਾਂ ਦੇ ਮਿਤੀਵਾਰ ਫੈਸਲੇ ਅਤੇ ਜੇ ਲੰਬਿਤ ਹਨ, ਉਨ੍ਹਾਂ ਦੇ ਕਾਰਣ ?
- ਸੂਚਨਾ ਕਮਿਸ਼ਨਰਜ਼ ਕੋਲ ਅਪੀਲਾਂ ਦੀ ਸੰਖਿਆ ਅਤੇ ਨਿਪਟਾਰਾ ?
- ਕੀ ਸਮੇਂ ਸਿਰ ਸੂਚਨਾ ਕਮਿਸ਼ਨਰਜ਼ ਕੋਲ ਹੱਕ ਪੇਸ਼ ਕੀਤਾ ਜਾਂਦਾ ਹੈ ? ਜੇ ਨਹੀਂ, ਤਾਂ ਕਿਉਂ ?
- ਕੀ ਕਮਿਸ਼ਨ ਦੇ ਫੈਸਲਿਆਂ ਨੂੰ ਲਾਗੂਕੀਤਾ ਗਿਆ ਹੈ, ਵੇਰਵੇ ਸਹਿਤ ?
- ਅਜਿਹੇ ਕਰਮਚਾਰੀ ਜਿਨ੍ਹਾਂ ਵੱਲੋਂ ਫੈਸਲਿਆਂ ਪ੍ਰਤੀ ਅਣਗਹਿਲੀ ਕੀਤੀ ਗਈ ਹੋਵੇ ਵਿਰੁਧ ਅਨੁਸਾਸ਼ਨੀ ਕਾਰਵਾਈ ਅਰੰਭਣ ਵਾਸਤੇ ?
- ਸ਼ਕਾਇਤਾਂ ਜੋ ਪਬਲਿਕ ਸੂਚਨਾ ਅਫਸਰ/ਅਪੀਲ ਅਧਿਕਾਰੀ ਵਿਰੁਧ ਪ੍ਰਾਪਤ ਹੋਈਆਂ ਬਾਰੇ ਕਾਰਵਾਈ ?

## ਫੁਟਕਲ:

- ਕੀ ਐਕਟ ਦੀ ਦੁਰਵਰਤੋਂ ਕਰਨ ਬਾਰੇ ਕੋਈ ਕੇਸ ਹੈ, ਉਸਦੇ ਵੇਰਵੇ ?
- ਕੀ ਪਬਲਿਕ ਦੀ ਸੂਚਨਾ ਪ੍ਰਤੀ ਲੋੜਾਂ ਦਾ ਜਾਇਜ਼ਾ ਲੈਣ ਵਾਸਤੇ ਕੋਈ ਉਪਰਾਲੇ ਕੀਤੇ ਗਏ ਅਤੇ ਉਨ੍ਹਾਂ ਦੇ ਵੇਰਵੇ ?
- ਅਜਿਹੀ ਸੂਚਨਾ ਦੇ ਵੇਰਵੇ ਜੋ ਆਮ ਪੁੱਛੀ ਜਾਂਦੀ ਹੋਵੇ ?
- ਸਰਕਾਰੀ ਕੰਮ ਕਾਜ ਵਿਚ ਦਿਆਨਤਦਾਰੀ ਅਤੇ ਪਾਰਦਰਸ਼ਤਾ ਲਿਆਉਣ ਬਾਰੇ ਕੋਈ ਮੁੱਦੇ ਜਿਨ੍ਹਾਂ ਬਾਰੇ ਜਾਂਚ / ਅਧਿਐਨ ਕਰਨ ਦੀ ਲੋੜ ਹੋਵੇ ?
- ਸੂਚਨਾ ਅਧਿਕਾਰ ਐਕਟ ਦੇ ਅਮਲ ਵਿਚ ਆਉਣ ਨਾਲ ਸਰਕਾਰ ਦੇ ਕੰਮ ਕਾਜ ਵਿਚ ਸੁਧਾਰ ਪ੍ਰਤੀ ਟਿੱਪਣੀ, ਮਿਸਾਲ ਸਹਿਤ ?

*Contact: Sh. S. S. Gill; ssgill@mgsipap.org; Ph: 0172 2791228 Extn-175*